# ਪ੍ਰਾਸਪੈਕਟਸ

## ਮੈਟ੍ਰਿਕੁਲੇਸ਼ਨ ਪਰੀਖਿਆ
## ਪ੍ਰਾਈਵੇਟ ਉਮੀਦਵਾਰਾਂ ਲਈ
## ਸਮੈਸਟਰ -1 ਅਤੇ 2
## ਸੈਸ਼ਨ : 2010-11

## ਪੰਜਾਬ ਸਕੂਲ ਸਿੱਖਿਆ ਬੋਰਡ
## ਸਾਹਿਬਜ਼ਾਦਾ ਅਜੀਤ ਸਿੰਘ ਨਗਰ
## (ਪੰਜਾਬ)

ਨੋਟ:- ਫਾਰਮ ਦੀ ਕੀਮਤ 50/- ਰੁਪਏ ਪ੍ਰੀਖਿਆ ਫੀਸ ਦੇ ਨਾਲ ਹੀ ਜਮ੍ਹਾਂ ਕਰਵਾਈ ਜਾਵੇ।

**ਪੰਜਾਬ ਸਕੂਲ ਸਿੱਖਿਆ ਬੋਰਡ**
**ਮੈਟ੍ਰਿਕ ਪਰੀਖਿਆ**
**ਪਰੀਖਿਆ ਫਾਰਮ ਭਰਨ ਸਬੰਧੀ ਜ਼ਰੂਰੀ ਸੂਚਨਾ / ਹਦਾਇਤਾਂ**

1.1 ਪਰੀਖਿਆ ਫਾਰਮ ਭਰਨ ਤੋਂ ਪਹਿਲਾਂ ਪਰੀਖਿਆ ਸਬੰਧੀ ਨਿਯਮ/ਵਿਨਿਯਮ/ਪਾਠ-ਕ੍ਰਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।

1.2 ਉਮੀਦਵਾਰ ਵੱਲੋਂ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਾਉਣ ਨਾਲ ਪਰੀਖਿਆ ਦੇਣ ਦਾ ਅਧਿਕਾਰ ਨਹੀਂ ਬਣ ਜਾਂਦਾ। ਪਰੀਖਿਆ ਉਹੀ ਉਮੀਦਵਾਰ ਦੇ ਸਕਦਾ ਹੈ ਜੋ ਨਿਯਮਾਂ ਅਨੁਸਾਰ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

☞ **1.3 ਉਮੀਦਵਾਰ ਦਿੱਤੀਆਂ ਗਈਆਂ ਹਦਾਇਤਾਂ ਅਨੁਸਾਰ ਪਰੀਖਿਆ ਫਾਰਮ ਆਪਣੇ ਹੱਥ ਨਾਲ ਭਰੇ,ਉਮੀਦਵਾਰ ਦਾ ਨਾਂ/ਪਿਤਾ ਦਾ ਨਾਂ/ਮਾਤਾ ਦਾ ਨਾਂ/ਜਨਮ ਮਿਤੀ ਅਤੇ ਰਜਿਸਟ੍ਰੇਸ਼ਨ ਨੰਬਰ ਅੱਠਵੀਂ ਦੇ ਸਰਟੀਫਿਕੇਟ ਅਨੁਸਾਰ ਲਿਖਿਆ ਜਾਵੇ ਅਤੇ ਆਪਣੀ ਇੱਕ ਰੰਗੀਨ ਫੋਟੋ ਲੋੜੀਂਦੀ ਥਾਂ ਤੇ ਬਿਨ੍ਹਾਂ ਤਸਦੀਕ ਕੀਤੇ ਅਤੇ ਇੱਕ ਫੋਟੋ ਉਸੇ ਅਧਿਕਾਰੀ ਤੋਂ ਤਸਦੀਕ ਕਰਵਾ ਕੇ ਲੋੜੀਂਦੀ ਥਾਂ ਤੇ ਗੂੰਦ ਨਾਲ ਚਿਪਕਾਈ ਜਾਵੇ ਜੋ ਪਰੀਖਿਆ ਫਾਰਮ ਤਸਦੀਕ ਕਰੇਗਾ।**

1.4 ਉਮੀਦਵਾਰ ਲਈ ਘਰ ਦਾ ਪੱਕਾ ਪਤਾ ਅਤੇ ਪੱਤਰ ਵਿਹਾਰ ਲਈ ਪਤਾ ਲਿਖਣਾ ਜ਼ਰੂਰੀ ਹੈ। ਫਾਰਮ ਵਿੱਚ ਜ਼ਿਲ੍ਹਾ ਪੱਕੇ ਪਤੇ ਵਾਲਾ ਹੀ ਭਰਿਆ ਜਾਵੇ।

1.5 ਅਕੈਡਮੀ ਰਾਹੀਂ ਜਾਂ ਅਕੈਡਮੀ ਦੇ ਪਤੇ ਵਾਲਾ ਕੋਈ ਵੀ ਪਰੀਖਿਆ ਫਾਰਮ ਨਹੀਂ ਲਿਆ ਜਾਵੇਗਾ। ਅਜਿਹਾ ਕਰਨ ਤੇ ਪਰੀਖਿਆ ਫਾਰਮ ਰੱਦ ਕਰ ਦਿੱਤਾ ਜਾਵੇਗਾ।

1.6 ਗਲਤ ਬਿਆਨੀ/ਗਲਤ ਪਤਾ/ਅਧੂਰੇ ਵੇਰਵੇ ਅਤੇ ਯੋਗ ਤਸਦੀਕ ਨਾ ਹੋਣ ਕਾਰਨ/ਫੀਸ ਘੱਟ ਪ੍ਰਾਪਤ ਹੋਣ ਕਾਰਨ ਜਾਂ ਫਾਰਮ ਵਿੱਚ ਕੋਈ ਹੋਰ ਤਰੁੱਟੀ ਹੋਣ ਕਾਰਨ ਉਮੀਦਵਾਰ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ।

1.7 ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫਾਰਮ/ਫੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ) ਸਮੇਤ ਰੋਲ ਨੰਬਰ ਪ੍ਰਾਪਤ ਕਰਨ ਲਈ ਦਫਤਰ ਨਾਲ ਸੰਪਰਕ ਕੀਤਾ ਜਾਵੇ।

1.8 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਅਰਜੀ ਸਾਦੇ ਕਾਗਜ ਤੇ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰ ਕੇ ਆਪਣੇ ਪਰੀਖਿਆ ਫਾਰਮ ਦੇ ਨਾਲ ਭੇਜਣ।

1.9 ਦਫਤਰ ਨੂੰ ਭੇਜੇ ਗਏ ਪਰੀਖਿਆ ਫਾਰਮ ਵਿੱਚ ਕਿਸੇ ਪ੍ਰਕਾਰ ਦੀ ਤਬਦੀਲੀ ਕਰਾਉਣ ਲਈ (ਇਸ ਵਿੱਚ ਕੇਂਦਰ ਦੀ ਤਬਦੀਲੀ ਸ਼ਾਮਲ ਨਹੀਂ) 100/- ਰੁਪਏ ਪ੍ਰਤੀ ਤਬਦੀਲੀ ਫੀਸ ਦੇਣੀ ਪਵੇਗੀ। ਇਹ ਤਬਦੀਲੀ 31 ਜੁਲਾਈ 2010 ਤੱਕ ਕਰਵਾਈ ਜਾ ਸਕਦੀ ਹੈ।

1.10 ਪਰੀਖਿਆ ਫੀਸ ਕੇਵਲ ਅਜਿਹੇ ਉਮੀਦਵਾਰ ਦੀ ਵਾਪਸ ਕੀਤੀ ਜਾਵੇਗੀ ਜੋ ਪਰੀਖਿਆ ਦੇਣ ਤੋਂ ਅਯੋਗ ਹੋਵੇ ਜਾਂ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉਮੀਦਵਾਰ ਦੀ ਮੌਤ ਹੋ ਗਈ ਹੋਵੇ।

1.11 ਝਗੜੇ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੇਵਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸਥਿਤ ਅਦਾਲਤ ਵਿੱਚ ਹੀ ਕੀਤੀ ਜਾਵੇਗੀ।

1.12 ਉਮੀਦਵਾਰ ਜੇਕਰ ਇੱਕ ਤੋਂ ਵੱਧ ਪਰੀਖਿਆ ਫਾਰਮ (ਰੈਗੂਲਰ/ਪ੍ਰਾਈਵੇਟ) ਭੇਜੇਗਾ ਤਾਂ ਉਸ ਦੇ ਪਰੀਖਿਆ ਫਾਰਮ ਰੱਦ ਕਰ ਦਿੱਤੇ ਜਾਣਗੇ

2. **ਦਸਵੀਂ ਸ਼੍ਰੇਣੀ ਦੀ ਸਾਲਾਨਾ ਪਰੀਖਿਆ ਲਈ ਉਮੀਦਵਾਰ ਹੇਠ ਲਿਖੇ ਅਨੁਸਾਰ ਯੋਗ ਹਨਃ-**

2.1 ਉਮੀਦਵਾਰ ਨੇ ਘੱਟੋ ਘੱਟ ਦੋ ਵਿੱਦਿਅਕ ਸਾਲ ਪਹਿਲਾਂ ਅੱਠਵੀਂ ਦੀ ਪਰੀਖਿਆ ਪਾਸ ਕੀਤੀ ਹੋਵੇ।

ਜਾਂ

ਉਮੀਦਵਾਰ ਇਸਤਰੀ ਹੋਣ ਦੀ ਸੂਰਤ ਵਿੱਚ ਘੱਟੋ-ਘੱਟ ਉਮਰ ਵਿੱਦਿਅਕ ਸਾਲ ਵਿੱਚ 31 ਅਕਤੂਬਰ ਤੱਕ 21 ਸਾਲ ਹੋਣੀ ਜ਼ਰੂਰੀ ਹੈ।(ਉਮਰ ਦਾ ਸਬੂਤ ਦੇਣਾ ਜ਼ਰੂਰੀ ਹੈ)

ਜਾਂ

ਕੇਂਦਰ ਜਾਂ ਰਾਜ ਸਰਕਾਰ ਜਾਂ ਅਰਧ ਸਰਕਾਰੀ ਬਾਡੀ, ਬੋਰਡ ਜਾਂ ਕਾਰਪੋਰੇਸ਼ਨ ਦੇ ਉਹ ਕਰਮਚਾਰੀ ਜਿਨ੍ਹਾਂ ਦੀ ਬਕਾਇਦਾ ਸੇਵਾ ਘੱਟ ਤੋਂ ਘੱਟ ਤਿੰਨ ਸਾਲ ਦੀ ਹੋਵੇ ਅਤੇ ਉਸਦੀ ਉਮਰ ਵਿੱਦਿਅਕ ਸਾਲ ਵਿੱਚ 31 ਅਕਤੂਬਰ ਤੱਕ 21 ਸਾਲ ਜ਼ਰੂਰ ਹੋਵੇ। (ਜਨਮ ਮਿਤੀ ਅਤੇ ਨੌਕਰੀ ਦੇ ਸਬੂਤ ਵਜੋਂ ਤਸਦੀਕਸ਼ੁਦਾ ਸਰਟੀਫਿਕੇਟ ਨਾਲ ਲਗਾਉਣੇ ਜ਼ਰੂਰੀ ਹਨ)

ਜਾਂ

ਨੇਤਰਹੀਣ, ਗੂੰਗੇ ਅਤੇ ਬੋਲ਼ੇ , ਜਾਂ ਵਿਦੇਸ਼ੀ ਉਮੀਦਵਾਰ।

ਜਾਂ

ਉਹ ਉਮੀਦਵਾਰ ਜਿਸ ਨੇ ਅੱਠਵੀਂ ਸ਼੍ਰੇਣੀ ਦੀ ਪਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਛੱਡ ਕੇ ਕਿਸੇ ਹੋਰ ਸਿੱਖਿਆ ਬੋਰਡ ਜਾਂ ਕਿਸੇ ਹੋਰ ਰਾਜ ਦੇ ਸਿੱਖਿਆ ਵਿਭਾਗ ਵੱਲੋਂ ਮਾਨਤਾ ਪ੍ਰਾਪਤ ਸੰਸਥਾ ਤੋਂ ਘੱਟ ਤੋਂ ਘੱਟ ਦੋ ਵਿੱਦਿਅਕ ਸਾਲ ਪਹਿਲਾਂ ਪਾਸ ਕੀਤੀ ਹੋਵੇ (ਸਕੂਲ ਛੱਡਣ ਦਾ ਸਰਟੀਫਿਕੇਟ ਸਬੰਧਤ ਜ਼ਿਲ੍ਹਾ ਸਿੱਖਿਆ ਅਧਿਕਾਰੀ ਤੋਂ ਪ੍ਰਤੀ-ਹਸਤਾਖਰ ਕਰਵਾ ਕੇ ਭੇਜਣਾ ਜ਼ਰੂਰੀ ਹੈ, ਇਹ ਸ਼ਰਤ ਜਿੱਥੇ ਬੋਰਡ ਦੀ ਪਰੀਖਿਆ ਨਹੀਂ ਹੁੰਦੀ ਉਨ੍ਹਾਂ ਤੇ ਲਾਗੂ ਹੁੰਦੀ ਹੈ।)

ਜਾਂ

2.2 ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਫੇਲ੍ਹ ਜਾਂ ਕਿਸੇ ਹੋਰ ਸੰਸਥਾ ਤੋਂ ਇਸ ਬੋਰਡ ਦੇ ਬਰਾਬਰ ਮੰਨੀ ਗਈ ਮੈਟ੍ਰਿਕੁਲੇਸ਼ਨ (ਦਸਵੀਂ) ਦੀ ਪਰੀਖਿਆ ਵਿੱਚ ਫੇਲ੍ਹ ਉਮੀਦਵਾਰ। ਅਜਿਹੇ ਉਮੀਦਵਾਰ ਵੱਲੋਂ ਪ੍ਰਮਾਣ ਵਜੋਂ ਸਰਟੀਫਿਕੇਟ ਸਬੰਧਤ ਸਕੂਲ ਸਿੱਖਿਆ ਬੋਰਡ/ਇੰਡੀਅਨ ਕੌਂਸਲ ਆਫ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ (ਆਈ.ਸੀ.ਐਸ.ਈ.) ਦੇ ਸਕੱਤਰ ਜਾਂ ਉਸਦੇ ਬਰਾਬਰ ਦੇ ਅਧਿਕਾਰੀ ਕੋਲੋਂ ਪ੍ਰਤੀ-ਹਸਤਾਖਰ ਕਰਵਾ ਕੇ ਭੇਜਣੇ ਜ਼ਰੂਰੀ ਹਨ ਅਤੇ ਇਸ ਸਬੰਧੀ ਸਮਾਨਤਾ ਪੱਤਰ ਸੀ.ਬੀ.ਐਸ.ਈ., ਆਈ.ਸੀ.ਐਸ.ਈ., ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ ਅਤੇ ਰਾਜਸਥਾਨ ਬੋਰਡਾਂ ਤੋਂ ਫੇਲ੍ਹ ਉਮੀਦਵਾਰਾਂ ਨੂੰ ਛੱਡਕੇ ਡਾਇਰੈਕਟਰ ਅਕਾਦਮਿਕ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਲੈ ਕੇ ਵੀ ਨਾਲ ਭੇਜਿਆ ਜਾਵੇ।

ਜਾਂ

2.3 ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਰੀ-ਅਪੀਅਰ ਆਉਣ ਵਾਲੇ ਉਮੀਦਵਾਰ :- ਜੇਕਰ ਕਿਸੇ ਉਮੀਦਵਾਰ ਦਾ ਨਤੀਜਾ ਰੀ-ਅਪੀਅਰ ਘੋਸ਼ਿਤ ਹੋਇਆ ਹੈ ਤਾਂ ਉਹ ਆਪਣੇ ਆਪ ਨੂੰ ਫੇਲ੍ਹ ਮੰਨ ਕੇ ਪੂਰੇ ਵਿਸ਼ਿਆਂ ਦੀ ਪਰੀਖਿਆ ਦੇ ਸਕਦਾ ਹੈ ਅਤੇ ਉਸਦਾ ਪਹਿਲਾ ਰੀ-ਅਪੀਅਰ ਦਾ ਨਤੀਜਾ ਰੱਦ ਸਮਝਿਆ ਜਾਵੇਗਾ। ਇਹ ਸੁਵਿਧਾ ਓਪਨ ਸਕੂਲ ਦੇ ਪਰੀਖਿਆਰਥੀਆਂ ਨੂੰ ਨਹੀਂ ਹੈ।

ਜਾਂ

2.4 ਇਸ ਬੋਰਡ ਤੋਂ ਪਹਿਲਾਂ ਪਾਸ ਕੀਤੀ ਦਸਵੀਂ ਸ਼੍ਰੇਣੀ ਦੀ ਪਰੀਖਿਆ ਵਾਲੇ ਉਮੀਦਵਾਰ ਕਾਰਗੁਜ਼ਾਰੀ ਵਧਾਉਣ ਲਈ ਪਰੀਖਿਆ ਦੇ ਸਕਦੇ ਹਨ। ਇਹ ਪਰੀਖਿਆ ਪਹਿਲੀ ਪਰੀਖਿਆ ਪਾਸ ਕਰਨ ਤੋਂ ਦੋ ਸਾਲ ਦੇ ਅੰਦਰ-ਅੰਦਰ ਦਿੱਤੀ ਜਾ ਸਕਦੀ ਹੈ। ਬਸ਼ਰਤੇ ਉਮੀਦਵਾਰ ਨੇ ਕੋਈ ਅਗਲੀ ਉਚੇਰੀ ਪਰੀਖਿਆ ਪਾਸ ਨਾ ਕੀਤੀ ਹੋਵੇ। ਅਜਿਹੇ ਉਮੀਦਵਾਰ ਇੱਕ ਜਾਂ ਵੱਧ ਵਿਸ਼ਿਆਂ ਦੀ ਪਰੀਖਿਆ ਦੇ ਕੇ ਵੀ ਕਾਰਗੁਜ਼ਾਰੀ ਵਧਾ ਸਕਦੇ ਹਨ। (ਕਾਰਗੁਜ਼ਾਰੀ ਵਧਾਉਣ ਦੀ ਸੁਵਿਧਾ ਕੇਵਲ ਇਸ ਬੋਰਡ ਤੋਂ ਦਸਵੀਂ ਪਾਸ ਕਰਨ ਵਾਲੇ ਉਮੀਦਵਾਰਾਂ ਲਈ ਹੈ।)

3. **ਮਾਧਿਅਮ ਸਬੰਧੀ** :-

3.1 ਪਹਿਲੀ ਵਾਰ ਪਰੀਖਿਆ ਦੇ ਰਹੇ ਪੰਜਾਬ ਦੇ ਪ੍ਰਾਈਵੇਟ ਉਮੀਦਵਾਰਾਂ ਲਈ ਮਾਧਿਅਮ ਪੰਜਾਬੀ।

3.2 ਫੇਲ੍ਹ ਉਮੀਦਵਾਰਾਂ ਲਈ ਪਹਿਲੀ ਵਾਰ ਪਰੀਖਿਆ ਵਿੱਚ ਰੱਖਿਆ ਮਾਧਿਅਮ ਜਾਂ ਪੰਜਾਬੀ।

**ਨੋਟ** :-

1 ਵਿਗਿਆਨ ਅਤੇ ਗਣਿਤ ਵਿਸ਼ਿਆਂ ਦੀ ਪਰੀਖਿਆ ਵਿੱਚ ਉਮੀਦਵਾਰਾਂ ਨੂੰ ਹਿੰਦੀ/ ਅੰਗਰੇਜ਼ੀ ਮਾਧਿਅਮ ਰੱਖਣ ਦੀ ਵੀ ਖੁੱਲ ਹੋਵੇਗੀ।

2 ਪੰਜਾਬੀ ਮੂਲ ਦੇ ਅਜਿਹੇ ਉਮੀਦਵਾਰ ਜਿਨ੍ਹਾਂ ਨੇ ਕਿਸੇ ਵੀ ਪੱਧਰ ਤੇ ਪੰਜਾਬੀ ਨਾ ਪੜ੍ਹੀ ਹੋਵੇ ਅਤੇ ਬੋਰਡ ਦੀ ਪਰੀਖਿਆ ਦੇਣੀ ਚਾਹੁੰਦੇ ਹਨ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਹਿੰਦੀ / ਅੰਗਰੇਜ਼ੀ ਮਾਧਿਅਮ ਰੱਖਣ ਦੀ ਖੁੱਲ ਮਿਲ ਸਕਦੀ ਹੈ।

4 **ਪੜ੍ਹਾਈ ਸਕੀਮ**

**ਹਰੇਕ ਉਮੀਦਵਾਰ ਲਈ ਹੇਠ ਲਿਖੇ 4.1 ਤੋ. 4.8 ਤੱਕ ਜ਼ਰੂਰੀ ਵਿਸ਼ੇ ਹਨ ਅਤੇ 4.9 (ਚੌਣਵੇਂ ਵਿਸ਼ਿਆਂ ਵਿੱਚੋਂ ਕੋਈ ਇੱਕ ਵਿਸ਼ਾ ਲੈਣਾ ਜ਼ਰੂਰੀ ਹੈ)।**

4.1 ਪੰਜਾਬੀ ਜਾਂ ਪੰਜਾਬ ਦਾ ਇਤਿਹਾਸ ਅਤੇ ਸਭਿਆਚਾਰ 4.2 ਹਿੰਦੀ 4.3 ਅੰਗਰੇਜ਼ੀ

4.4 ਗਣਿਤ 4.5 ਵਿਗਿਆਨ 4.6 ਸਮਾਜਿਕ ਸਿੱਖਿਆ

4.7 ਸਿਹਤ ਤੇ ਸਰੀਰਕ ਸਿੱਖਿਆ 4.8 ਕੰਪਿਊਟਰ ਸਾਇੰਸ

4.9 ਚੋਣਵਾਂ ਵਿਸ਼ਾ (ਹੇਠ ਲਿਖਿਆਂ ਵਿਸ਼ਿਆਂ ਵਿੱਚੋਂ ਕੋਈ ਇੱਕ ਵਿਸ਼ਾ):-

ੳ) ਸੰਸਕ੍ਰਿਤ, ਉਰਦੂ, ਫਾਰਸੀ, ਅਰਬੀ, ਫਰਾਂਸੀਸੀ, ਜਰਮਨ, ਰੂਸੀ, ਕੋਰੀਅਨ।

ਅ) ਸੰਗੀਤ (ਗਾਇਨ), ਸੰਗੀਤ (ਵਾਦਨ), ਸੰਗੀਤ (ਤਬਲਾ), ਮਕੈਨੀਕਲ-ਡਰਾਇੰਗ ਅਤੇ ਚਿੱਤਰਕਲਾ, ਗ੍ਰਹਿ ਵਿਗਿਆਨ, ਕਟਾਈ ਤੇ ਸਲਾਈ, ਖੇਤੀਬਾੜੀ।

ੲ) ਪ੍ਰੀ-ਵੋਕੇਸ਼ਨਲ ਵਿਸ਼ੇ :- ਰਿਪੇਅਰ ਅਤੇ ਮੇਨਟੀਨੈਂਸ ਆਫ਼ ਹਾਉਸਹੋਲਡ ਇਲੈਕਟ੍ਰੀਕਲ ਐਪਲੀਐਨਸਜ਼, ਇਲੈਕਟ੍ਰੋਨਿਕ ਟੈਕਨਾਲੋਜੀ, ਰਿਪੇਅਰ ਐਂਡ ਮੇਨਟੀਨੈਂਸ ਆਫ ਫਾਰਮ ਪਾਵਰ ਐਂਡ ਮਸ਼ੀਨਰੀ, ਵੈਲਡਿੰਗ, ਰਿਪੇਅਰ ਐਂਡ ਮੇਨਟੀਨੈਂਸ ਆਫ ਸਕੂਟਰ ਐਂਡ ਮੋਟਰਸਾਈਕਲ, ਬੇਸਿਕ ਗਾਰਮੈਂਟ ਟੈਕਨਾਲੋਜੀ, ਵੁੱਡ ਕਰਾਫਟ, ਬੇਸਿਕ ਆਫਿਸ ਵਰਕ ਐਂਡ ਸਟੈਨੋਗ੍ਰਾਫੀ, ਜਨਰਲ ਹਾਰਟੀਕਲਚਰ, ਨਿਟਿੰਗ (ਹੈਂਡ ਐਂਡ ਮਸ਼ੀਨ), ਇੰਜੀਨੀਅਰਿੰਗ ਡਰਾਫਟਿੰਗ ਐਂਡ ਡੁਪਲੀਕੇਟਿੰਗ, ਫੂਡ ਪਰੀਜ਼ਰਵੇਸ਼ਨ, ਕੰਪਿਊਟਰ ਸਾਇੰਸ, ਵੀਵਿੰਗ ਟੈਕਨਾਲੋਜੀ, ਕਮਰਸ਼ੀਅਲ ਆਰਟ, ਮੈਨੂਫੈਕਚਰਿੰਗ ਆਫ ਸਪੋਰਟਸ ਗੁੱਡਜ਼, ਮੈਨੂਫੈਕਚਰਿੰਗ ਆਫ ਲੈਦਰ ਗੁੱਡਜ਼।

4.1● ਅੰਨੇ, ਗੁੰਗੇ ਤੇ ਬੋਲ਼ੇ ਉਮੀਦਵਾਰ ਪੰਜਾਬੀ ਤੋਂ ਇਲਾਵਾ ਉਪਰੋਕਤ 4.2 ਤੋਂ 4.9 (ੲ) ਤੱਕ ਦਿੱਤੇ ਵਿਸ਼ਿਆਂ ਵਿੱਚੋਂ ਹੋਰ ਵਿਸ਼ੇ ਲੈ ਸਕਦੇ ਹਨ। (ਪਾਠ ਕ੍ਰਮ ਵੇਖਿਆ ਜਾਵੇ)

**ਨੋਟ** :-

**ਉਪਰੋਕਤ ਵਿਸ਼ਿਆਂ ਦੀਆਂ ਕਿਤਾਬਾਂ ਅਤੇ ਹੋਰ ਜਾਣਕਾਰੀ ਲਈ ਬੋਰਡ ਵੱਲੋਂ ਜਾਰੀ ਸਿਲੇਬਸ ਵੇਖਿਆ ਜਾ ਸਕਦਾ ਹੈ।**

1. ਪੰਜਾਬੀ ਦੀ ਥਾਂ ਪੰਜਾਬ ਦਾ ਇਤਿਹਾਸ ਤੇ ਸੱਭਿਆਚਾਰ ਦਾ ਵਿਸ਼ਾ ਕੇਵਲ ਉਹੀ ਉਮੀਦਵਾਰ ਲੈ ਸਕਦੇ ਹਨ ਜਿਨ੍ਹਾਂ ਦੇ ਮਾਪੇ ਸਰਕਾਰੀ/ਅੱਧ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਬਦਲੀ ਭਾਰਤ ਵਿੱਚ ਕਿਸੇ ਵੀ ਥਾਂ ਹੋ ਸਕਦੀ ਹੈ। ਜਾਂ ਜਿਨ੍ਹਾਂ ਦੂਜੇ ਰਾਜਾਂ ਦੇ ਉਮੀਦਵਾਰਾਂ ਨੇ ਅੱਠਵੀਂ ਤੱਕ ਪੰਜਾਬੀ ਨਹੀਂ ਪੜ੍ਹੀ ਹੋਵੇ। ਅਜਿਹੇ ਉਮੀਦਵਾਰਾਂ ਨੂੰ ਅੱਠਵੀ. ਤੱਕ ਪੰਜਾਬੀ ਨਾ ਪੜ੍ਹਨ ਦਾ ਸਬੂਤ ਪੇਸ਼ ਕਰਨਾ ਪਵੇਗਾ।
2. ਵਿਦੇਸ਼ੀ ਉਮੀਦਵਾਰ ਹਿੰਦੀ ਦੀ ਥਾਂ ਤੇ ਉਪਰੋਕਤ **4.9 ੳ**) ਵਿੱਚ ਦਿੱਤੀਆਂ ਭਾਸ਼ਾਵਾਂ ਵਿੱਚੋਂ ਇੱਕ ਭਾਸ਼ਾ ਲੈ ਸਕਦੇ ਹਨ। ਪੰਜਾਬੀ ਦੀ ਥਾਂ ਤੇ ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ ਦਾ ਵਿਸ਼ਾ ਲੈ ਸਕਦੇ ਹਨ।
3. ਫੇਲ੍ਹ/ ਵਾਧੂ ਵਿਸ਼ਾ ਉਮੀਦਵਾਰ ਸਾਇੰਸ ਜਾਂ ਹੋਰ ਪ੍ਰੈਕਟੀਕਲ ਵਾਲੇ ਵਿਸ਼ੇ ਵਿੱਚ ਪਾਸ ਹੋਣ ਉਪਰੰਤ ਇਸ ਦਾ ਲਾਭ ਨਹੀਂ ਲੈ ਸਕਦੇ। ਭਾਵ ਪ੍ਰੈਕਟੀਕਲ ਦੀ ਪਰੀਖਿਆ ਦੇਣੀ ਪਵੇਗੀ।

   ਨੇਤਰਹੀਣ, ਗੂੰਗੇ ਤੇ ਬੋਲੇ ਉਮੀਦਵਾਰ ਪੰਜਾਬੀ ਤੋਂ ਇਲਾਵਾ ਲੜੀ ਨੰ: 4.2 ਤੋਂ 4.9 (ੳ), (ਅ), (ੲ) ਵਿੱਚ ਦਿੱਤੇ ਵਿਸ਼ਿਆਂ ਵਿੱਚੋਂ ਕੋਈ ਹੋਰ ਵਿਸ਼ੇ ਲੈ ਸਕਦੇ ਹਨ।(ਪਾਠਕ੍ਰਮ ਵੇਖਿਆ ਜਾਵੇ)

5. **ਪਾਸ ਫਾਰਮੂਲਾ :-**

ਉਮੀਦਵਾਰ ਨੂੰ ਪਾਸ ਹੋਣ ਲਈ ਸਾਰੇ ਵਿਸ਼ਿਆਂ ਵਿੱਚ ਪਾਸ ਹੋਣਾ ਜ਼ਰੂਰੀ ਹੈ।

ਦੋ ਵਿਸ਼ਿਆਂ ਵਿੱਚ ਫੇਲ ਹੋਣ ਵਾਲਾ ਉਮੀਦਵਾਰ ਦੋ ਵਿਸ਼ਿਆਂ ਦੀ ਰੀ-ਅਪੀਅਰ ਪਰੀਖਿਆ ਦੇਣ ਦੇ ਯੋਗ ਹੋਵੇਗਾ। ਰੀ-ਅਪੀਅਰ ਪਰੀਖਿਆ ਪਾਸ ਕਰਨ ਲਈ ਲਗਾਤਾਰ ਦੋ ਮੌਕੇ ਦਿੱਤੇ ਜਾਣਗੇ। ਕਿਸੇ ਵੀ ਵਿਸ਼ੇ ਵਿੱਚ ਪਾਸ ਹੋਣ ਲਈ ਘੱਟੋ-ਘੱਟ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਪ੍ਰੰਤੂ ਵਿਗਿਆਨ ਜਾਂ ਕੋਈ ਹੋਰ ਅਜਿਹੇ ਵਿਸ਼ੇ ਜਿਸ ਦੀ ਪ੍ਰਯੋਗੀ ਪਰੀਖਿਆ ਹੋਣੀ ਹੈ ਨੂੰ ਲਿਖਤੀ ਅਤੇ ਪ੍ਰਯੋਗੀ ਪਰੀਖਿਆ ਵਿੱਚ ਘੱਟੋ-ਘੱਟ ਵੱਖਰੇ ਤੌਰ ਤੇ 33 ਪ੍ਰਤੀਸ਼ਤ ਅੰਕ ਅਤੇ ਕੁੱਲ ਮਿਲਾ ਕੇ 33 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ।

6. **ਪਰੀਖਿਆ ਫਾਰਮ ਤਸਦੀਕ ਕਰਨ ਵਾਲੇ ਸਮਰੱਥ ਅਧਿਕਾਰੀਆਂ ਦੀ ਸੂਚਨਾ ਹੇਠ ਦਰਜ ਹੈ।**

6.1 ਉਮੀਦਵਾਰ ਜਿਹੜੇ ਪੰਜਾਬ ਵਿੱਚ ਰਹਿੰਦੇ ਹਨ:- ਪੰਜਾਬ ਸਰਕਾਰ/ਬੋਰਡ ਦੇ ਕਿਸੇ ਵੀ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਜਾਂ ਪੰਜਾਬ ਦੇ ਕਿਸੇ ਪ੍ਰਵਾਨਿਤ ਕਾਲਜ ਦੇ ਪ੍ਰਿੰਸੀਪਲ ਕੋਲੋਂ ਜਾਂ ਜ਼ਿਲ੍ਹਾ/ਮੰਡਲ ਜਾਂ ਰਾਜ ਪੱਧਰ ਦੇ ਪੰਜਾਬ ਦੇ ਸਿੱਖਿਆ ਵਿਭਾਗ ਦੇ ਕਿਸੇ ਉਚ-ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਅਧਿਕਾਰੀ ਤੋਂ ਜਿਸ ਦਾ ਆਹੁਦਾ ਸਹਾਇਕ ਸਕੱਤਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਮੈਂਬਰ ਤੋਂ।

6.2 ਉਮੀਦਵਾਰ ਜਿਹੜੇ ਪੰਜਾਬ ਤੋਂ ਬਾਹਰ ਰਹਿੰਦੇ ਹਨ:- **(ੳ) ਨੰ.6.1** ਵਿੱਚ ਦਰਸਾਏ ਕਿਸੇ ਇੱਕ ਅਧਿਕਾਰੀ ਕੋਲੋਂ ਜਾਂ (ਅ) ਸਬੰਧਤ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਅਜਿਹੇ ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ। ਜਾਂ (ੲ) ਪਹਿਲੇ ਦਰਜੇ ਦਾ ਮੈਜਿਸਟ੍ਰੇਟ।

6.3 ਕੇਂਦਰੀ ਇਲਾਕਾ ਚੰਡੀਗੜ੍ਹ ਦੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਸਥਾਨਿਕ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਕੋਲੋਂ ਤਸਦੀਕ ਕਰਵਾ ਸਕਦੇ ਹਨ। ਜਾਂ ਸਥਾਨਿਕ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਪਾਸੋਂ ਜਿਸਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ।

6.4 ਸੈਨਿਕ ਉਮੀਦਵਾਰ ਪਰੀਖਿਆ ਫਾਰਮ ਆਪਣੇ ਯੂਨਿਟ ਦੇ ਰਜਮੈਂਟ /ਕੰਪਨੀ ਅਫ਼ਸਰ ਤੋਂ ਤਸਦੀਕ ਕਰਵਾਉਣ। ਸੈਨਿਕ ਹੋਣ ਦਾ ਸਬੂਤ ਨਾਲ ਨੱਥੀ ਕੀਤਾ ਜਾਵੇ।

6.5 ਓਪਨ ਸਕੂਲ ਪ੍ਰਣਾਲੀ ਅਧੀਨ ਰੀ-ਅਪੀਅਰ ਆਉਣ ਵਾਲੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਉਸ ਅਧਿਐਨ ਕੇਂਦਰ ਦੇ ਮੁਖੀ ਕੋਲੋਂ ਤਸਦੀਕ ਕਰਵਾਉਣ ਜਿਸ ਰਾਹੀਂ ਉਨ੍ਹਾਂ ਨੇ ਪਹਿਲੀ ਵਾਰ ਪਰੀਖਿਆ ਦਿੱਤੀ ਸੀ।

7. **ਪਰੀਖਿਆ ਦਾ ਸ਼ਡਿਊਲ :**

7.1 ਇਹ ਪਰੀਖਿਆ ਸਾਲ ਵਿੱਚ ਦੋ ਵਾਰ ਹੋਵੇਗੀ।

7.2 ਪਹਿਲੇ ਸਮੈਸਟਰ ਦੀ ਪਰੀਖਿਆ ਸਤੰਬਰ ਅਤੇ ਦੂਜੇ ਸਮੈਸਟਰ ਦੀ ਪਰੀਖਿਆ ਫਰਵਰੀ ਵਿੱਚ ਹੋਵੇਗੀ।

7.3 ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਪਰੀਖਿਆਵਾਂ ਦੇ ਸਮੇਂ ਵਿੱਚ ਲੋੜ ਅਨੁਸਾਰ ਤਬਦੀਲੀ ਕਰ ਸਕਦੇ ਹਨ।

8. **ਦਫ਼ਤਰ ਵਿੱਚ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਵਾਉਣ ਦਾ ਸ਼ਡਿਊਲ :**

| ਪਰੀਖਿਆ ਸ਼ੁਰੂ ਹੋਣ ਦੀਆਂ ਆਰਜੀ ਮਿਤੀਆਂ | ਬਿਨ੍ਹਾਂ ਲੇਟ ਫੀਸ | ਲੇਟ ਫੀਸ ਵਾਲੀਆਂ ਮਿਤੀਆਂ | |
|---|---|---|---|
| | | 1000/- ਰੁ. ਲੇਟ ਫੀਸ | 3000/- ਰੁ. ਲੇਟ ਫੀਸ |
| ਪਹਿਲਾ ਸਮੈਸਟਰ -01/09/2010, ਬੁੱਧਵਾਰ | 21/06/2010 | 28/06/2010 | 05/07/2010 |
| ਦੂਸਰਾ ਸਮੈਸਟਰ - 15/02/2011, ਮੰਗਲਵਾਰ | | | |

**ਜਰੂਰੀ ਨੋਟ :- ਉਪਰੋਕਤ ਤੋਂ ਇਲਾਵਾ ਫਾਰਮ ਦੀ ਫੀਸ 50/- ਰੁਪਏ ਪ੍ਰੀਖਿਆ ਫੀਸ ਦੇ ਨਾਲ ਵੱਖਰੇ ਤੌਰ ਤੇ ਜਮ੍ਹਾਂ ਕਰਵਾਈ ਜਾਵੇ।**

☞ ਨੋਟ :- ਜੇਕਰ ਆਖਰੀ ਮਿਤੀ ਨੂੰ ਛੁੱਟੀ ਦਾ ਦਿਨ ਹੋਵੇ ਤਾਂ ਉਸ ਤੋਂ ਅਗਲਾ ਕੰਮ ਵਾਲਾ ਦਿਨ ਆਖਰੀ ਮਿਤੀ ਵਾਲਾ ਦਿਨ ਮੰਨਿਆ ਜਾਵੇਗਾ।

**9. ਪਰੀਖਿਆ ਫੀਸ :–**

| | | |
|---|---|---|
| 9.1 | ਪੰਜਾਬ ਰਾਜ ਦੇ ਪੰਜਾਬ ਬੋਰਡ ਤੋਂ ਅੱਠਵੀਂ ਪਾਸ ਜਾਂ ਦਸਵੀਂ ਫੇਲ੍ਹ ਉਮੀਦਵਾਰ ਜੋ ਦਸਵੀਂ ਦੀ ਪਰੀਖਿਆ ਪੂਰੇ ਵਿਸ਼ਿਆਂ / ਰੀ–ਅਪੀਅਰ ਵਿਸ਼ਿਆਂ/ ਕਾਰਗੁਜ਼ਾਰੀ ਵਧਾਉਣ ਲਈ / ਦਸਵੀਂ ਪਾਸ ਕਰਨ ਉਪਰੰਤ ਇੱਕ ਤੋਂ ਵੱਧ ਵਾਧੂ ਵਿਸ਼ਿਆਂ ਦੀ ਪਰੀਖਿਆ ਦੇਣੀ ਚਾਹੁੰਦੇ ਹਨ : | 500/– ਰੁਪਏ (+40/– ਰੁ. ਪ੍ਰਤੀ ਪ੍ਰਯੋਗੀ ਵਿਸ਼ਾ) (ਪ੍ਰਤੀ ਸਮੈਸਟਰ) |
| 9.2 | ਪੰਜਾਬ ਰਾਜ ਤੋਂ ਬਾਹਰਲੇ ਉਮੀਦਵਾਰ ਪੰਜਾਬ ਬੋਰਡ ਜਾਂ ਕਿਸੇ ਬਾਹਰਲੇ ਰਾਜ ਦੇ ਬੋਰਡ ਤੋਂ ਅੱਠਵੀਂ ਪਾਸ ਜਾਂ ਦਸਵੀਂ ਫੇਲ੍ਹ ਜੋ ਦਸਵੀਂ ਦੀ ਪਰੀਖਿਆ ਪੂਰੇ ਵਿਸ਼ਿਆਂ / ਰੀ–ਅਪੀਅਰ ਵਿਸ਼ਿਆਂ/ ਕਾਰਗੁਜ਼ਾਰੀ ਵਧਾਉਣ ਲਈ / ਦਸਵੀਂ ਪਾਸ ਕਰਨ ਉਪਰੰਤ ਇੱਕ ਤੋਂ ਵੱਧ ਵਾਧੂ ਵਿਸ਼ਿਆਂ ਦੀ ਪਰੀਖਿਆ ਦੇਣੀ ਚਾਹੁੰਦੇ ਹਨ : | 700/– ਰੁਪਏ (+40/– ਰੁ. ਪ੍ਰਤੀ ਪ੍ਰਯੋਗੀ ਵਿਸ਼ਾ) (ਪ੍ਰਤੀ ਸਮੈਸਟਰ) |
| 9.3 | ਪੰਜਾਬ ਰਾਜ ਦੇ ਉਮੀਦਵਾਰ ਜੋ ਪੰਜਾਬ ਬੋਰਡ ਤੋਂ ਦਸਵੀਂ ਦੀ ਪਰੀਖਿਆ ਪਾਸ ਕਰਨ ਉਪਰੰਤ ਇੱਕ ਵਾਧੂ ਵਿਸ਼ੇ ਦੀ ਪਰੀਖਿਆ ਦੇਣੀ ਚਾਹੰਦੇ ਹਨ : | 220/– ਰੁਪਏ (+40/– ਰੁ. ਪ੍ਰਤੀ ਪ੍ਰਯੋਗੀ ਵਿਸ਼ਾ) |
| 9.4 | ਪੰਜਾਬ ਰਾਜ ਤੋਂ ਬਾਹਰਲੇ ਉਮੀਦਵਾਰ ਜਿਨ੍ਹਾਂ ਨੇ ਦਸਵੀਂ ਦੀ ਪਰੀਖਿਆ ਪੰਜਾਬ ਬੋਰਡ ਜਾਂ ਕਿਸੇ ਹੋਰ ਰਾਜ ਦੇ ਬੋਰਡ ਤੋਂ ਪਾਸ ਕੀਤੀ ਹੈ ਅਤੇ ਇੱਕ ਵਾਧੂ ਵਿਸ਼ੇ ਦੀ ਪਰੀਖਿਆ ਦੇਣੀ ਚਾਹੰਦੇ ਹਨ। | 330/– ਰੁਪਏ (+40/– ਰੁ. ਪ੍ਰਤੀ ਪ੍ਰਯੋਗੀ ਵਿਸ਼ਾ) |

ਨੋਟ :– ਦੋਵੇ ਸਮੈਸਟਰਾਂ ਲਈ ਇੱਕੋ ਫਾਰਮ ਭਰਿਆ ਜਾਵੇਗਾ ਅਤੇ ਦੂਜੇ ਸਮੈਸਟਰ ਦੀ ਪਰੀਖਿਆ ਫੀਸ ਜਮ੍ਹਾਂ ਕਰਵਾਉਣ ਲਈ ਵੱਖਰਾ ਸ਼ਡਿਊਲ ਜਾਰੀ ਕੀਤਾ ਜਾਵੇਗਾ। ਉਮੀਦਵਾਰ 50/– ਰੁਪਏ ਪਰੀਖਿਆ ਫਾਰਮ ਦੀ ਫੀਸ ਜਮ੍ਹਾਂ ਕਰਾਉਣਗੇ। ਪਰੀਖਿਆ ਫੀਸ ਬੈਂਕ ਡਰਾਫਟ/ਆਈ.ਪੀ.ਓ. (**I.P.O**) ਮਨੀਆਰਡਰ / ਬੈਂਕ ਚੈਕ ਰਾਹੀਂ ਨਾ ਭੇਜੀ ਜਾਵੇ ਪਰੀਖਿਆ ਫਾਰਮ ਅਤੇ ਪਰੀਖਿਆ ਫੀਸ ਬੋਰਡ ਦੇ ਖੇਤਰੀ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ ਅਤੇ ਇਸ ਦੀ ਰਸੀਦ ਪ੍ਰਾਪਤ ਕੀਤੀ ਜਾਵੇ। ਪਰੀਖਿਆ ਫੀਸ ਦੀ ਰਸੀਦ ਦੇ ਨੰਬਰ ਦਾ ਇੰਦਰਾਜ ਪਰੀਖਿਆ ਫਾਰਮ ਵਿੱਚ ਜ਼ਰੂਰ ਕੀਤਾ ਜਾਵੇ। ਪਰੀਖਿਆ ਫੀਸ / ਫਾਰਮ ਬੋਰਡ ਦੇ ਮੁੱਖ ਦਫਤਰ, ਫੇਜ਼–8, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਖੇ ਵੀ ਜਮ੍ਹਾਂ ਕਰਵਾਏ ਜਾ ਸਕਦੇ ਹਨ।

**10 ਪਰੀਖਿਆ ਕੇਂਦਰਾਂ ਦੀ ਆਰਜੀ ਸੂਚੀ :**

10.1 ਉਮੀਦਵਾਰ ਇਸ ਸੂਚੀ ਵਿੱਚੋਂ ਆਪਣੇ ਜ਼ਿਲ੍ਹੇ ਨਾਲ ਸਬੰਧਤ ਕੇਂਦਰਾਂ ਵਿੱਚੋਂ ਕੋਈ ਚਾਰ ਕੇਂਦਰ ਭਰੇ। (ਬੋਰਡ ਪ੍ਰਸ਼ਾਸਕੀ ਕਾਰਣਾਂ ਕਰਕੇ ਕਿਸੇ ਵੀ ਕੇਂਦਰ ਨੂੰ ਰੱਦ ਕਰ ਸਕਦਾ ਹੈ। ਮੰਗਿਆ ਗਿਆ ਪਰੀਖਿਆ ਕੇਂਦਰ ਰੱਦ ਹੋਣ ਜਾਂ ਸਮਰੱਥਾ ਨਾ ਹੋਣ ਦੀ ਸੂਰਤ ਵਿੱਚ ਉਮੀਦਵਾਰ ਨੂੰ ਕੋਈ ਵੀ ਕੇਂਦਰ ਅਲਾਟ ਕੀਤਾ ਜਾ ਸਕਦਾ ਹੈ)

| **ਲੜੀ ਨੰ:** | **ਕੇਂਦਰ ਦਾ ਨਾਂ** | **ਲੜੀ ਨੰ:** | **ਕੇਂਦਰ ਦਾ ਨਾਂ** |
|---|---|---|---|
| **ਜ਼ਿਲ੍ਹਾ ਅੰਮ੍ਰਿਤਸਰ** | | **ਜ਼ਿਲ੍ਹਾ ਅੰਮ੍ਰਿਤਸਰ** | |
| 1. | ਅਜਨਾਲਾ | 6. | ਤਰਸਿੱਕਾ |
| 2. | ਅੰਮ੍ਰਿਤਸਰ | 7. | ਬਾਬਾ ਬਕਾਲਾ |
| 3. | ਹਰਛੇ ਛੀਨਾ | 8. | ਮਜੀਠਾ |
| 4. | ਛੇਹਰਟਾ | 9. | ਰਈਆ |
| 5. | ਜੰਡਿਆਲਾ ਗੁਰੂ | 10. | ਵੇਰਕਾ |

| ਲੜੀ ਨੰ: | ਕੇਂਦਰ ਦਾ ਨਾਂ | ਲੜੀ ਨੰ: | ਕੇਂਦਰ ਦਾ ਨਾਂ |
|---|---|---|---|
| **ਜ਼ਿਲ੍ਹਾ ਤਰਨਤਾਰਨ** | | **ਜ਼ਿਲ੍ਹਾ ਫਿਰੋਜ਼ਪੁਰ** | |
| 1. | ਖਡੂਰ ਸਾਹਿਬ | 1. | ਅਬੋਹਰ |
| 2. | ਗੋਇੰਦਵਾਲ ਸਾਹਿਬ | 2. | ਜਲਾਲਾਬਾਦ |
| 3. | ਚੋਹਲਾ ਸਾਹਿਬ | 3. | ਫਾਜ਼ਿਲਕਾ |
| 4. | ਤਰਨਤਾਰਨ | 4. | ਗੁਰੂ ਹਰ ਸਹਾਏ |
| 5. | ਨੌਸ਼ਹਿਰਾ ਪਨੂੰਆ | 5. | ਜ਼ੀਰਾ |
| 6. | ਪੱਟੀ | 6. | ਫ਼ਿਰੋਜ਼ਪੁਰ |
| **ਜ਼ਿਲ੍ਹਾ ਬਠਿੰਡਾ** | | **ਜ਼ਿਲ੍ਹਾ ਗੁਰਦਾਸਪੁਰ** | |
| 1. | ਸੰਗਤ ਮੰਡੀ | 1. | ਸੁਜਾਨਪੁਰ |
| 2. | ਗੋਨਿਆਣਾ ਮੰਡੀ | 2. | ਸ਼੍ਰੀ ਹਰਗੋਬਿੰਦਪੁਰ |
| 3. | ਤਲਵੰਡੀ ਸਾਬੋ | 3. | ਕਾਦੀਆਂ |
| 4. | ਨਥਾਣਾ | 4. | ਕਾਹਨੂੰਵਾਨ |
| 5. | ਭੂਲ | 5. | ਕਲਾਨੌਰ |
| 6. | ਬਠਿੰਡਾ | 6. | ਗੁਰਦਾਸਪੁਰ |
| 7. | ਭਗਤਾ ਭਾਈ ਕਾ | 7. | ਡੇਰਾ ਬਾਬਾ ਨਾਨਕ |
| 8. | ਮੰਡੀ ਫੂਲ | 8. | ਦੀਨਾ ਨਗਰ |
| 9. | ਰਾਮਪੁਰਾ ਫੂਲ | 9. | ਧਾਰਕਲਾਂ |
| 1●. | ਰਾਮਪੁਰਾ ਮੰਡੀ | 1●. | ਧਾਰੀਵਾਲ |
| 11. | ਮੌੜ ਮੰਡੀ | 11. | ਨਰੋਟ ਜੈਮਲ ਸਿੰਘ |
| **ਜ਼ਿਲ੍ਹਾ ਬਰਨਾਲਾ** | | 12. | ਪਠਾਨਕੋਟ |
| 1. | ਸਹਿਣਾ | 13. | ਫਤਿਹਗੜ੍ਹ ਚੂੜੀਆਂ |
| 2. | ਤਪਾ | 14. | ਬਮਿਆਲ |
| 3. | ਬਰਨਾਲਾ | 15. | ਬਟਾਲਾ |
| **ਜ਼ਿਲ੍ਹਾ ਫਤਿਹਗੜ੍ਹ ਸਾਹਿਬ** | | **ਜ਼ਿਲ੍ਹਾ ਹੁਸ਼ਿਆਰਪੁਰ** | |
| 1. | ਅਮਲੋਹ | 1. | ਹਾਜੀਪੁਰ |
| 2. | ਸਰਹਿੰਦ | 2. | ਹੁਸ਼ਿਆਰਪੁਰ |
| 3. | ਸੰਘੋਲ | 3. | ਗੜ੍ਹਦੀਵਾਲਾ |
| 4. | ਹੰਸਾਲੀ ਖੇੜਾ | 4. | ਗੜ੍ਹਸ਼ੰਕਰ |
| 5. | ਖਮਾਣੋਂ ਕਲਾਂ | 5. | ਟਾਂਡਾ ਉੜਮੁੜ |
| 6. | ਫਤਿਹਗੜ੍ਹ ਸਾਹਿਬ | 6. | ਤਲਵਾੜਾ |
| 7. | ਬਸੀ ਪਠਾਣਾ | 7. | ਦਸੂਆ |
| 8. | ਮੰਡੀ ਗੋਬਿੰਦਗੜ੍ਹ | 8. | ਭੂੰਗਾ |
| 9. | ਬਡਾਲੀ ਆਲਾ ਸਿੰਘ | 9. | ਮਹਿਲਪੁਰ |
| **ਜ਼ਿਲ੍ਹਾ ਫਰੀਦਕੋਟ** | | 1●. | ਮੁਕੇਰੀਆਂ |
| 1. | ਕੋਟਕਪੂਰਾ | | |
| 2. | ਜੈਤੋਂ | | |
| 3. | ਫਰੀਦਕੋਟ | | |

| ਲੜੀ ਨੰ: | ਕੇਂਦਰ ਦਾ ਨਾਂ | ਲੜੀ ਨੰ: | ਕੇਂਦਰ ਦਾ ਨਾਂ |
|---|---|---|---|
| **ਜ਼ਿਲ੍ਹਾ ਜਲੰਧਰ** | | **ਜ਼ਿਲ੍ਹਾ ਮਾਨਸਾ** | |
| 1. | ਆਦਮਪੁਰ | 1. | ਸਰਦੂਲਗੜ੍ਹ |
| 2. | ਸ਼ਾਹਕੋਟ | 2. | ਝੁਨੀਰ |
| 3. | ਕਰਤਾਰਪੁਰ | 3. | ਬੁਢਲਾਡਾ |
| 4. | ਜਲੰਧਰ ਸ਼ਹਿਰ ਅਤੇ ਕੈਂਟ | 4. | ਭੀਖੀ |
| 5. | ਨਕੋਦਰ | 5. | ਮਾਨਸਾ |
| 6. | ਨੂਰ ਮਹਿਲ | **ਜ਼ਿਲ੍ਹਾ ਮੋਗਾ** | |
| 7. | ਫਿਲੌਰ | 1. | ਕੋਟ ਈਸੇ ਖਾਂ |
| 8. | ਭੋਗਪੁਰ | 2. | ਘੋਲੀਆਂ ਖੁਰਦ |
| 9. | ਰੁੜਕਾ ਕਲਾਂ | 3. | ਜਵਾਹਰ ਸਿੰਘ ਵਾਲਾ |
| 10. | ਲੋਹੀਆਂ ਖਾਸ | 4. | ਧੂੜ ਕੋਟ ਰਣਸੀਂਹ |
| **ਜ਼ਿਲ੍ਹਾ ਕਪੂਰਥਲਾ** | | 5. | ਧਰਮਕੋਟ |
| 1. | ਸੁਲਤਾਨਪੁਰ ਲੋਧੀ | 6. | ਨਿਹਾਲ ਸਿੰਘ ਵਾਲਾ |
| 2. | ਕਪੂਰਥਲਾ | 7. | ਬਾਘਾ ਪੁਰਾਣਾ |
| 3. | ਡੁਮੇਲੀ | 8. | ਮੋਗਾ |
| 4. | ਢਿੱਲਵਾਂ | **ਜ਼ਿਲ੍ਹਾ ਸ਼੍ਰੀ ਮੁਕਤਸਰ** | |
| 5. | ਨਡਾਲਾ | 1. | ਸ਼ੇਰੇਵਾਲੀ ਭੰਗੇਵਾਲੀ |
| 6. | ਫਗਵਾੜਾ | 2. | ਕੋਟ ਭਾਈ |
| 7. | ਭੁਲੱਥ | 3. | ਗਿੱਦੜਬਾਹਾ |
| | | 4. | ਮਲੋਟ ਮੰਡੀ |
| **ਜ਼ਿਲ੍ਹਾ ਲੁਧਿਆਣਾ** | | 5. | ਮੁਕਤਸਰ |
| 1. | ਸਮਰਾਲਾ | 6. | ਲੰਬੀ |
| 2. | ਸਾਹਨੇਵਾਲ | **ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ** | |
| 3. | ਸਿੱਧਵਾਂ ਬੇਟ | 1. | ਔੜ |
| 4. | ਕੂੰਮ ਕਲਾਂ | 2. | ਸੜੋਆ |
| 5. | ਖੰਨਾ | 3. | ਸ਼ਹੀਦ ਭਗਤ ਸਿੰਘ ਨਗਰ |
| 6. | ਗੁਰੂਸਰ ਸੁਧਾਰ | 4. | ਬੰਗਾ |
| 7. | ਜਗਰਾਓ | 5. | ਬਲਾਚੌਰ |
| 8. | ਡੇਹਲੋਂ | **ਜ਼ਿਲ੍ਹਾ ਪਟਿਆਲਾ** | |
| 9. | ਦਾਖਾ | 1. | ਸਮਾਣਾ |
| 10. | ਦੋਰਾਹਾ | 2. | ਸਨੌਰ |
| 11. | ਪਾਇਲ | 3. | ਘਨੌਰ |
| 12. | ਪੱਖੋਵਾਲ | 4. | ਨਾਭਾ |
| 13. | ਮਲੌਦ | 5. | ਪਟਿਆਲਾ |
| 14. | ਮਾਛੀਵਾੜਾ | 6. | ਪਾਤੜਾਂ |
| 15. | ਰਾਏਕੋਟ | 7. | ਬਨੂੰੜ |
| 16. | ਲੁਧਿਆਣਾ | 8. | ਭੂਨਰਹੇੜੀ |
| | | 9. | ਰਾਜਪੁਰਾ |

| **ਲੜੀ ਨੰ:** | **ਕੇਂਦਰ ਦਾ ਨਾਂ** | **ਲੜੀ ਨੰ:** | **ਕੇਂਦਰ ਦਾ ਨਾਂ** |
|---|---|---|---|
| **ਜ਼ਿਲ੍ਹਾ ਰੋਪੜ** | | **ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ** | |
| 1. | ਆਨੰਦਪੁਰ ਸਾਹਿਬ | 1. | ਸਾਹਿਬਜ਼ਾਦਾ ਅਜੀਤ ਸਿੰਘ ਨਗਰ |
| 2. | ਚਮਕੌਰ ਸਾਹਿਬ | 2. | ਸੋਹਾਣਾ |
| 3. | ਨੂਰਪੁਰਬੇਦੀ | 3. | ਸਿਆਲਬਾ |
| 4. | ਨੰਗਲ | 4. | ਕੁਰਾਲੀ |
| 5. | ਨੰਗਲ ਟਾਊਨ ਸ਼ਿਪ | 5. | ਕੁੰਬੜਾ |
| 6. | ਮੋਰਿੰਡਾ | 6. | ਖਰੜ |
| 7. | ਰੋਪੜ | 7. | ਡੇਰਾਬਸੀ |
| **ਜ਼ਿਲ੍ਹਾ ਸੰਗਰੂਰ** | | 8. | ਮੁਬਾਰਿਕ ਪੁਰ |
| 1. | ਅਨਦਾਨਾ | 9. | ਲਾਲੜੂ |
| 2. | ਅਹਿਮਦਗੜ੍ਹ | **ਜ਼ਿਲ੍ਹਾ ਚੰਡੀਗੜ੍ਹ ਦੇ ਦੂਜੇ ਰਾਜ** | |
| 3. | ਸੰਗਰੂਰ | 1. | ਚੰਡੀਗੜ੍ਹ |
| 4. | ਸ਼ੇਰਪੁਰ | | |
| 5. | ਸੁਨਾਮ | | |
| 6. | ਜਖੇਪਲ | | |
| 7. | ਦਿੜ੍ਹਬਾ | | |
| 8. | ਧੂਰੀ | | |
| 9. | ਭਵਾਨੀਗੜ੍ਹ | | |
| 1●. | ਮੂਨਕ | | |
| 11. | ਮਲੇਰਕੋਟਲਾ | | |

**10.2 ਪਰੀਖਿਆ ਕੇਂਦਰਾਂ ਦਾ ਨਿਰਧਾਰਨ ਅਤੇ ਉਨ੍ਹਾਂ ਦੀ ਬਦਲੀ :-**

1●.3 ਉਮੀਦਵਾਰ ਬੋਰਡ ਵੱਲੋਂ ਅਲਾਟ ਕੀਤੇ ਪਰੀਖਿਆ ਕੇਂਦਰ ਤੇ ਹੀ ਪਰੀਖਿਆ ਦੇਵੇਗਾ।

ਮੀਡੀਅਮ ਕੋਡ 1. ਪੰਜਾਬੀ 2. ਅੰਗਰੇਜੀ 3. ਹਿੰਦੀ

| ਜਿਲ੍ਹਿਆਂ ਦੇ ਨਾਮ ਅਤੇ ਕੋਡ | | ਵਿਸ਼ਾ ਕੋਡ | ਵਿਸ਼ੇ |
|---|---|---|---|
| ਜਿਲਾ ਕੋਡ | ਜਿਲ੍ਹੇ ਦਾ ਨਾਂ | 10 | URDU ELECTIVE |
| ●1● | ਅੰਮ੍ਰਿਤਸਰ | 11 | PERSIAN |
| ●2● | ਬਠਿੰਡਾ | 12 | ARABIC |
| ●25 | ਬਰਨਾਲਾ | 68 | SPANISH |
| ●3● | ਫਰੀਦਕੋਟ | 15 | FRENCH |
| ●4● | ਫਤਹਿਗੜ੍ਹ ਸਾਹਿਬ | 16 | GERMAN |
| ●5● | ਫਿਰੋਜ਼ਪੁਰ | 50 | KOREAN |
| ●6● | ਗੁਰਦਾਸਪੁਰ | 69 | YOGA |
| ●7● | ਹੁਸ਼ਿਆਰਪੁਰ | 28 | MECH. DRAWING & PAINTING |
| ●8● | ਜਲੰਧਰ | 29 | CUTT. & TAILORING |
| ●9● | ਕਪੂਰਥਲਾ | 30 | MUSIC (VOCAL) |
| 1●● | ਲੁਧਿਆਣਾ | 31 | MUSIC (INSTR.) |
| 11● | ਮਾਨਸਾ | 32 | MUSIC (TABLA) |
| 12● | ਮੋਗਾ | 33 | HOME SCIENCE |
| 13● | ਸ਼੍ਰੀ ਮੁਕਤਸਰ | 35 | AGRICULTURE |
| 14● | ਸ਼ਹੀਦ ਭਗਤ ਸਿੰਘ .ਨਗਰ | 38 | REP & MAINT OF HHEA |
| 15● | ਪਟਿਆਲਾ | 39 | ELECTRONIC TECHNOLOGY |
| 16● | ਰੂਪਨਗਰ | 40 | REPAIR & MAINTENANCE OF FARM POWER & MACHINERY |
| 165 | ਸਾਹਿਬਜ਼ਾਦਾ ਅਜੀਤ ਸਿੰਘ ਨਗਰ | 41 | WELDING |
| 17● | ਸੰਗਰੂਰ | 42 | REP & MAINT OF SCOOTER & MOTORCYCLE |
| 175 | ਤਰਨਤਾਰਨ | 43 | BASIC GARMENT TECHNOLOGY |
| 18● | ਚੰਡੀਗੜ੍ਹ ਤੇ ਦੂਜੇ ਰਾਜ | 44 | WOOD CRAFT |
| ਵਿਸ਼ੇ ਵਾਰ ਵਿਸ਼ਾ ਕੋਡ | | 45 | BASIC OFFICE WORK & STENOGRAPHY |
| ਵਿਸ਼ਾ ਕੋਡ | ਵਿਸ਼ੇ | 46 | GENERAL HOTRICULTURE |
| 01 | PUNJABI | 47 | KNITTING (HAND & MACHINE) |
| 07 | PUNJAB HISTORY AND CULTURE | 48 | ENGG. DRAFTING & DUPLICATING |
| 02 | ENGLISH | 34 | COMPUTER SCINCE (PRE-VOCATIONAL) |
| 03 | HINDI | 49 | FOOD PRESERVATION |
| 04 | MATHEMATICS | 51 | WEAVING TECHNOLOGY |
| 05 | SCIENCE | 52 | COMMERCIAL ART |
| 06 | SOCIAL STUDIES | 53 | MANUFACTURING OF SPORTS GOODS |
| 08 | HEALTH & PHY. EDU. | 54 | MANUFACTURING OF LEATHER GOODS |
| 63 | COMPUTER SCIENCE | 71 | URDU (INLIEU OF HINDI) |
| 09 | SANSKRIT | | |
| 18 | RUSSIAN | | |

## ਰਸੀਦ

(ਉਮੀਦਵਾਰ ਆਪਣੇ ਹੱਥ ਨਾਲ ਭਰੇ)

ਨੋਟ : ਇਹ ਰਸੀਦ ਉਮੀਦਵਾਰ ਰੋਲ ਨੰਬਰ ਮਿਲਣ ਤੱਕ ਆਪਣੇ ਕੋਲ ਸੰਭਾਲ ਕੇ ਰੱਖੇ। ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ ਪਰੀਖਿਆ ਫ਼ਾਰਮ/ਫ਼ੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫ਼ਿਕੇਟ ਅਤੇ ਫ਼ੋਟੋ) ਸਮੇਤ ਦਫ਼ਤਰ ਨਾਲ ਸੰਪਰਕ ਕੀਤਾ ਜਾਵੇ।

ਮੈਟ੍ਰਿਕ ਪਰੀਖਿਆ ਸਮੈਸਟਰ– 1 ਅਤੇ 2 ਸੈਸ਼ਨ 2●1●–11

ਪਰੀਖਿਆ ਫੀਸ ਦੀ ਰਕਮ.......................................ਰੁਪਏ, ਬੋਰਡ ਰਸੀਦ ਨੰ:.................................ਮਿਤੀ...........................................
ਉਮੀਦਵਾਰ ਦਾ ਨਾਂ............................................................. ਪਿਤਾ ਦਾ ਨਾਂ ...................................................................
ਮਾਤਾ ਦਾ ਨਾਂ ...................................................................... ਜ਼ਿਲ੍ਹਾ ...................................................... ਦਾ ਪਰੀਖਿਆ ਫਾਰਮ
ਮਿਤੀ ................................................. ਨੂੰ ਪ੍ਰਾਪਤ ਕੀਤਾ।

ਹਸਤਾਖਰ ਪ੍ਰਾਪਤ ਕਰਤਾ
ਦਫ਼ਤਰੀ ਮੋਹਰ